## ਕੀ ਤੁਸੀਂ ਕਿਸੇ ਜਟਿਲ ਜਾਂ ਪੁਰਾਣੀ ਸਿਹਤ ਸਥਿਤੀ ਦੇ ਨਾਲ ਜੀਵਨ ਬਿਤਾ ਰਹੇ ਹੋ?

ਜੇ ਅਜਿਹਾ ਹੈ, ਤਾਂ ਤੁਹਾਨੂੰ ਸਿਹਤਮੰਦ ਬਣੇ ਰਹਿਣ ਲਈ ਥੋੜ੍ਹੀ ਹੋਰ ਮਦਦ ਦੀ ਲੋੜ ਹੋ ਸਕਦੀ ਹੈ। Continuing Care (ਲਗਾਤਾਰ ਦੇਖਭਾਲ) ਇੱਕ ਮੁਫ਼ਤ ਪ੍ਰੋਗਰਾਮ ਹੈ ਜਿਸ ਨਾਲ ਮਦਦ ਮਿਲ ਸਕਦੀ ਹੈ। ਇਹ ਸਮਰਪਿਤ ਸਿਹਤ ਦੇਖਭਾਲ ਟੀਮ ਦੀ ਪੇਸ਼ਕਸ਼ ਕਰਦਾ ਹੈ ਜਿਸ ਨਾਲ ਤੁਹਾਨੂੰ ਲੀਹ 'ਤੇ ਬਣੇ ਰਹਿਣ ਵਿੱਚ ਮਦਦ ਮਿਲਦੀ ਹੈ। ਪ੍ਰੋਗਰਾਮ ਤੁਹਾਡੇ ਸਿਹਤ ਦੇਖਭਾਲ ਟੀਚਿਆਂ ਦੇ ਨਾਲ ਮਦਦ ਲਈ ਵਿਅਕਤੀਗਤ ਤੌਰ 'ਤੇ ਤਿਆਰ ਕੀਤੀ ਸਹਾਇਤਾ ਪ੍ਰਦਾਨ ਕਰਦਾ ਹੈ।

## Continuing Care ਕੀ ਹੈ?

Continuing Care ਇੱਕ ਮੁਫ਼ਤ ਪ੍ਰੋਗਰਾਮ ਹੈ। ਇਹ ਜਟਿਲ ਜਾਂ ਪੁਰਾਣੀਆਂ ਬਿਮਾਰੀਆਂ ਨਾਲ ਪੀੜਤ ਲੋਕਾਂ ਦੀ ਸਿਹਤ ਨੂੰ ਬੇਹਤਰ ਬਣਾਉਣ ਲਈ ਉਹਨਾਂ ਦੀ ਮਦਦ ਕਰਦਾ ਹੈ। ਜਦੋਂ ਤੁਸੀਂ ਭਾਗ ਲੈਂਦੇ ਹੋ, ਤਾਂ ਇੱਕ ਪੰਜੀਕ੍ਰਿਤ ਨਰਸ ਤੁਹਾਡੇ ਅਤੇ ਤੁਹਾਡੀ ਸਿਹਤ ਦੇਖਭਾਲ ਟੀਮ ਦੇ ਨਾਲ ਕੰਮ ਕਰਦੀ ਹੈ। ਮੁੱਖ ਟੀਚਾ ਤੁਹਾਡੀਆਂ ਸਿਹਤ ਦੇਖਭਾਲ ਮੁਲਾਕਾਤਾਂ ਦੇ ਵਿਚਕਾਰ ਤੁਹਾਨੂੰ ਲੋੜੀਂਦਾ ਸਮਰਥਨ ਦੇਣਾ ਹੈ, ਤਾਂ ਜੋ ਸਿਹਤਮੰਦ ਰਹਿਣ ਵਿੱਚ ਤੁਹਾਨੂੰ ਮਦਦ ਮਿਲੇ।

## Continuing Care ਵਿੱਚ ਕੌਣ ਭਾਗ ਲੈ ਸਕਦਾ ਹੈ?

ਜਟਿਲ ਜਾਂ ਪੁਰਾਣੀਆਂ ਸਿਹਤ ਸਥਿਤੀਆਂ ਵਾਲੇ ਲੋਕ ਯੋਗ ਹੋ ਸਕਦੇ ਹਨ। ਅਤੇ ਤੁਹਾਨੂੰ ਹਵਾਲੇ ਦੀ ਲੋੜ ਨਹੀਂ ਹੁੰਦੀ ਹੈ। ਬਸ **1-833-767-8614** 'ਤੇ ਕਾਲ ਕਰੋ ਜਾਂ ਆਪਣੇ ਡਾਕਟਰ ਜਾਂ ਦੇਖਭਾਲ ਪ੍ਰਦਾਤਾ ਨੂੰ ਪੁੱਛੋ ਕਿ ਕੀ ਤੁਸੀਂ ਪਾਤਰ ਬਣ ਸਕਦੇ ਹੋ।

## ਕਿਸ ਕਿਸਮ ਦੀਆਂ ਪੁਰਾਣੀਆਂ ਸਿਹਤ ਸਥਿਤੀਆਂ ਪਾਤਰ ਹੋ ਸਕਦੀਆਂ ਹਨ?

ਡਾਇਬੀਟੀਜ਼, ਦਿਲ ਦੀ ਬਿਮਾਰੀ, COPD, ਅਤੇ ਉੱਨਤ ਕੈਂਸਰ ਜਿਹੀਆਂ ਸਥਿਤੀਆਂ ਪਾਤਰ ਹੋ ਸਕਦੀਆਂ ਹਨ। ਆਖਰੀ ਦੌਰ ਵਾਲੀ ਸਥਿਤੀ ਲਈ ਦੇਖਭਾਲ ਪ੍ਰਾਪਤ ਕਰ ਰਹੇ ਲੋਕ ਵੀ ਯੋਗ ਹੋ ਸਕਦੇ ਹਨ।

## ਕੀ ਭਾਗ ਲੈਣ ਲਈ ਮੇਰਾ ਬਿਮਾਰ ਹੋਣਾ ਜ਼ਰੂਰੀ ਹੈ?

ਨਹੀਂ। Continuing Care ਤੁਹਾਨੂੰ ਉਦੋਂ ਮਿਲਦੇ ਹਨ ਜਦੋਂ ਤੁਸੀਂ ਆਪਣੇ ਸਿਹਤ ਸਫਰ ਨੂੰ ਪੂਰਾ ਕਰ ਰਹੇ ਹੋ। ਕੀ ਤੁਹਾਨੂੰ ਸਮੇਂ ਸਮੇਂ 'ਤੇ ਸਿਰਫ਼ ਥੋੜ੍ਹੇ ਸਮਰਥਨ ਦੀ ਲੋੜ ਹੁੰਦੀ ਹੈ? ਜਾਂ ਤੁਹਾਨੂੰ ਜ਼ਿਆਦਾ ਵਾਰ ਸਹਾਇਤਾ ਦੀ ਲੋੜ ਹੁੰਦੀ ਹੈ? ਕਿਸੇ ਵੀ ਤਰੀਕੇ ਵਿੱਚ, Continuing Care ਮਦਦ ਕਰ ਸਕਦਾ ਹੈ।

Dignity Health.



# Dignity Health Continuing Care ਪ੍ਰੋਗਰਾਮ

Dignity Health.



## Continuing Care ਮੇਰੀ ਮਦਦ ਕਿਵੇਂ ਕਰ ਸਕਦਾ ਹੈ?

Continuing Care ਤੁਹਾਡੀ ਮਦਦ ਇਸ ਤਰ੍ਹਾਂ ਕਰ ਸਕਦਾ ਹੈ:

- ਤੁਹਾਡੇ ਸਵਾਲਾਂ ਦੇ ਜਵਾਬ ਪ੍ਰਾਪਤ ਕਰਨਾ।
- ਤੁਹਾਡੇ ਡਾਕਟਰ ਦੀਆਂ ਇਲਾਜ ਯੋਜਨਾਵਾਂ ਦਾ ਪਾਲਣ ਕਰਨਾ।
- ਦਵਾਈਆਂ ਦਾ ਪ੍ਰਬੰਧ ਕਰਨਾ।
- ਤੁਹਾਡੀਆਂ ਸਿਹਤ ਦੇਖਭਾਲ ਮੁਲਾਕਾਤਾਂ ਨਾਲ ਇਸ ਤਰ੍ਹਾਂ ਤਾਲਮੇਲ ਕਰੋ:
  - » ਵਾਧੂ ਸਮਰਥਨ ਲਈ ਤੁਹਾਡੇ ਨਾਲ ਮੁਲਾਕਾਤਾਂ 'ਤੇ ਜਾ ਕੇ।
  - » ਆਵਾਜਾਈ ਸੰਸਾਧਨਾਂ ਦਾ ਪਤਾ ਲਗਾਉਣ ਦੇ ਨਾਲ ਤੁਹਾਡੀ ਮਦਦ ਕਰਕੇ।
- ਸਵੈ-ਦੇਖਭਾਲ ਲਈ ਤਰਕੀਬਾਂ ਸਿੱਖੋ।
- ਅਜਿਹੇ ਸੰਸਾਧਨਾਂ ਜਾਂ ਪ੍ਰੋਗਰਾਮਾਂ ਦੀ ਵਰਤੋਂ ਕਰੋ ਜਿਹਨਾਂ ਦੀ ਤੁਹਾਨੂੰ ਲੋੜ ਹੈ।

## ਜੇ ਮੈਂ Continuing Care ਵਿੱਚ ਭਾਗ ਲੈਂਦਾ/ਲੈਂਦੀ ਹੈ, ਤਾਂ ਕੀ ਇਸਦਾ ਮਤਲਬ ਇਹ ਹੈ ਕਿ ਮੈਂ ਹੁਣ ਆਪਣੇ ਡਾਕਟਰ ਨਾਲ ਨਹੀਂ ਮਿਲਾਂਗਾ/ਮਿਲਾਂਗੀ?

ਨਹੀਂ। Continuing Care ਤੁਹਾਡੇ ਡਾਕਟਰ ਦੀ ਥਾਂ ਨਹੀਂ ਲੈਂਦਾ ਹੈ। ਇਹ ਪ੍ਰੋਗਰਾਮ ਤੁਹਾਡੀ ਦੇਖਭਾਲ ਟੀਮ ਲਈ ਵਾਧੂ ਸਮਰਥਨ ਪਰਤ ਪ੍ਰਦਾਨ ਕਰਦਾ ਹੈ। ਇਹ ਤੁਹਾਡੀਆਂ ਡਾਕਟਰ ਦੇ ਨਾਲ ਮੁਲਾਕਾਤਾਂ ਦੇ ਵਿੱਚਕਾਰ (ਅਤੇ ਦੌਰਾਨ ਵੀ) ਤੁਹਾਡੀ ਮਦਦ ਕਰ ਸਕਦਾ ਹੈ

## Continuing Care ਕਿਵੇਂ ਕੰਮ ਕਰਦਾ ਹੈ?

ਤੁਹਾਨੂੰ ਇੱਕ ਨਰਸ ਸਪੁਰਦ ਕੀਤੀ ਜਾਵੇਗੀ। ਤੁਹਾਡੀ ਨਰਸ ਤੁਹਾਡੀ ਲੋੜੀਂਦੀ ਵਿਸ਼ੇਸ਼ ਮਦਦ ਪ੍ਰਦਾਨ ਕਰੇਗੀ। ਉਹ ਤੁਹਾਡੇ ਪ੍ਰਾਥਮਿਕ ਦੇਖਭਾਲ ਡਾਕਟਰ ਅਤੇ ਹੋਰ ਪ੍ਰਦਾਤਾਵਾਂ ਦੇ ਨਾਲ ਲੋੜ ਅਨੁਸਾਰ ਕੰਮ ਕਰੇਗਾ ਜਾਂ ਕਰੇਗੀ।

ਤੁਹਾਡੀ Continuing Care ਟੀਮ ਵਿੱਚ ਸਮਾਜਕ ਕਰਮਚਾਰੀ, ਕਮਿਊਨਿਟੀ ਰੀਸੋਰਸ ਸਹਿਯੋਗੀ (ਨੈਵੀਗੇਟਰ) ਅਤੇ ਕਲਿਨਿਕਲ ਦਵਾਫਰੋਸ਼ ਵੀ ਸ਼ਾਮਲ ਹੋ ਸਕਦੇ ਹਨ। ਉਹ ਤੁਹਾਡੇ ਬਾਰੇ ਜਾਣਨਗੇ ਅਤੇ ਤੁਹਾਡੇ ਸਿਹਤ ਟੀਚਿਆਂ ਨੂੰ ਪੂਰਾ ਕਰਨ ਲਈ ਤੁਹਾਡੇ ਨਾਲ ਕੰਮ ਕਰਦੇ ਸਮੇਂ ਜਾਣੂ ਹੋ ਜਾਣਗੇ।

## ਕੀ ਮੈਂ ਨਿੱਜੀ ਤੌਰ 'ਤੇ ਆਪਣੀ Continuing Care ਟੀਮ ਨਾਲ ਕੰਮ ਕਰਦਾ/ਕਰਦੀ ਹਾਂ?

ਤੁਸੀਂ ਆਪਣੀ ਟੀਮ ਦੇ ਸਦੱਸਾਂ ਨਾਲ ਆਪ ਜਾ ਕੇ ਜਾਂ ਫ਼ੋਨ 'ਤੇ ਮਿਲ ਸਕਦੇ ਹੋ। ਟੀਮ ਦਾ ਇੱਕ ਸਦੱਸ ਡਾਕਟਰ ਦੇ ਨਾਲ ਮੁਲਾਕਾਤਾਂ 'ਤੇ ਵੀ ਜਾ ਸਕਦਾ ਹੈ। ਉਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੇ ਹਨ ਕਿ ਤੁਸੀਂ ਆਪਣੀ ਦੇਖਭਾਲ ਯੋਜਨਾ ਨੂੰ ਸਮਝਦੇ ਹੋ ਅਤੇ ਕਿ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ।

## ਕੀ ਮੇਰੇ ਡਾਕਟਰ ਨੂੰ ਮੇਰਾ ਹਵਾਲਾ ਦੇਣਾ ਹੁੰਦਾ ਹੈ?

ਨਹੀਂ। ਤੁਸੀਂ ਬਸ ਭਾਗ ਲੈਣ ਦੀ ਬੇਨਤੀ ਕਰ ਸਕਦੇ ਹੋ। ਜ਼ਿਆਦਾ ਜਾਣਨ ਲਈ **1-833-767-8614** 'ਤੇ ਸਾਨੂੰ ਕਾਲ ਕਰੋ ਅਤੇ ਪਤਾ ਲਗਾਓ ਕਿ ਕੀ ਤੁਸੀਂ ਯੋਗ ਹੁੰਦੇ ਹੋ।

## ਕੀ ਮੈਨੂੰ ਸਿਰਫ਼ ਇਸ ਕਰਕੇ ਭਾਗ ਲੈਣ ਲਈ ਸਹਿਮਤ ਹੋਣਾ ਹੁੰਦਾ ਹੈ ਕਿਉਂਕਿ ਮੇਰੇ ਡਾਕਟਰ ਨੇ Continuing Care ਦੀ ਸਿਫਾਰਿਸ਼ ਕੀਤੀ?

ਨਹੀਂ। Continuing Care ਵਿੱਚ ਤੁਹਾਡੀ ਭਾਗੀਦਾਰੀ ਸਵੈਇੱਛਕ ਅਤੇ ਗੁਪਤ ਹੈ। ਭਾਵੇਂ ਤੁਹਾਡਾ ਡਾਕਟਰ ਇਸਦੀ ਸਿਫਾਰਿਸ਼ ਕਰਦਾ ਹੈ ਜਾਂ ਤੁਸੀਂ ਆਪਣੇ-ਆਪ ਭਾਗ ਲੈਣਾ ਚੁਣਦੇ ਹੋ, ਭਾਗ ਲੈਣਾ ਪੂਰੀ ਤਰ੍ਹਾਂ ਤੁਹਾਡੇ 'ਤੇ ਨਿਰਭਰ ਕਰਦਾ ਹੈ।

## ਪ੍ਰੋਗਰਾਮ ਦੀ ਕੀ ਲਾਗਤ ਆਉਂਦੀ ਹੈ?

Continuing Care ਤੁਹਾਨੂੰ ਮੁਫ਼ਤ ਵਿੱਚ ਪੇਸ਼ ਕੀਤਾ ਜਾਂਦਾ ਹੈ।

## ਜੇ ਮੈਂ ਭਾਗ ਲੈਂਦਾ/ਲੈਂਦੀ ਹਾਂ ਤਾਂ ਕੀ ਮੇਰੇ ਲਾਭ ਪ੍ਰਭਾਵਿਤ ਹੋਣਗੇ?

ਪ੍ਰੋਗਰਾਮ ਵਿੱਚ ਭਾਗੀਦਾਰੀ ਤੁਹਾਡੇ ਸਿਹਤ ਲਾਭਾਂ ਨੂੰ ਪ੍ਰਭਾਵਿਤ ਨਹੀਂ ਕਰੇਗੀ। ਜੇ ਤੁਸੀਂ ਭਾਗ ਲੈਣ ਦਾ ਫੈਸਲਾ ਲੈਂਦੇ ਹੋ, ਤਾਂ ਕੋਈ ਵਿਅਕਤੀ ਤੁਹਾਡੀਆਂ ਵਿਅਕਤੀਗਤ ਸਿਹਤ ਦੇਖਭਾਲ ਜ਼ਰੂਰਤਾਂ ਦੀ ਚਰਚਾ ਕਰਨ ਲਈ ਇੱਤ ਅਪੌਇੰਟਮੈਂਟ ਤੈਅ ਕਰਨ ਲਈ ਤੁਹਾਨੂੰ ਕਾਲ ਕਰੇਗਾ।

## ਮੈਂ ਪ੍ਰੋਗਰਾਮ ਵਿੱਚ ਕਿਵੇਂ ਭਾਗ ਲੈਂਦਾ/ਲੈਂਦੀ ਹਾਂ?

ਆਪਣੇ ਡਾਕਟਰ ਦੇ ਨਾਲ ਅੱਜ ਆਪਣੀ ਮੁਲਾਕਾਤ 'ਤੇ ਇਸ ਬਾਰੇ ਗੱਲ ਕਰੋ ਕਿ Continuing Care ਤੁਹਾਡੇ ਲਈ ਲਾਭਕਾਰੀ ਹੈ ਜਾਂ ਨਹੀਂ। ਤੁਸੀਂ ਸਾਨੂੰ **1-833-767-8614** 'ਤੇ ਸਿੱਧਾ ਕਾਲ ਵੀ ਕਰ ਸਕਦੇ ਹੋ, ਅਤੇ ਅਸੀਂ ਸਵਾਲਾਂ ਦਾ ਜਵਾਬ ਦੇ ਸਕਦੇ ਹਾਂ ਅਤੇ ਭਰਤੀ ਹੋਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।

**ਹੋਰ ਜਾਣੋ**

**vimeo.com/dignityhealthcin/patients**

**dignityhealth.org/carecoordination**

**1-833-767-8614**